**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

---

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:/ਐ.ਸਿ) ਪੰਜਾਬ। **(ਵੈਬ-ਸਾਈਟ ਰਾਹੀਂ)**
ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ: 2/5-ICT/2018-19/Misc/214384
ਮਿਤੀ: ਚੰਡੀਗੜ੍ਹ 26/7/19

**ਵਿਸ਼ਾ:-** **ਵਿਸ਼ੇਸ਼ ਮੁਹਿੰਮ ਲਾਇਬ੍ਰੇਰੀ ਪੁਸਤਕ ਲਹਿਰ ਦੇ ਸਬੰਧ ਵਿੱਚ।**

**ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।**

1.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਵਿਦਿਆਰਥੀਆਂ ਦੇ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਅਤੇ ਆਪਣੇ ਵਿਰਸੇ ਦੇ ਨੇੜੇ ਲਿਆਉਣ ਦੇ ਮਕਸਦ ਦੇ ਨਾਲ ਵਿਭਾਗ ਦੁਆਰਾ 15 ਜੁਲਾਈ ਤੋਂ 15 ਅਗਸਤ 2019 ਤੱਕ ਪੁਸਤਕ ਲਹਿਰ ਚਲਾਈ ਗਈ ਹੈ, ਜਿਸ ਦੇ ਰਾਹੀਂ ਸਕੂਲਾਂ ਦੇ ਵਿੱਚ ਲਾਇਬ੍ਰੇਰੀ ਲੰਗਰ ਦੇ ਰੂਪ ਵਿੱਚ ਵੱਡੇ ਪੱਧਰ ਤੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਵੰਡ ਕੀਤੀ ਜਾ ਰਹੀ ਹੈ। ਇਸ ਦਾ ਬਹੁਤ ਹੀ ਚੰਗਾ ਹੁੰਗਾਰਾ ਮਿਲਿਆ ਹੈ ਅਤੇ ਸਮੂਹ ਸਕੂਲ ਮੁੱਖੀ ਅਤੇ ਅਧਿਆਪਕਾਂ ਦੁਆਰਾ ਇੱਕਜੁੱਟ ਹੋ ਕੇ ਇਸ ਮੁਹਿੰਮ ਨੂੰ ਚਲਾਇਆ ਜਾ ਰਿਹਾ ਹੈ।

2.0 ਇਸ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਕੁੱਝ ਹੋਰ ਸੁਝਾਅ ਵੀ ਪ੍ਰਾਪਤ ਹੋਏ ਹਨ, ਜਿਨ੍ਹਾਂ ਨੂੰ ਵਿਭਾਗ ਦੁਆਰਾ ਵਿਚਾਰਿਆ ਗਿਆ ਹੈ:-

- ਆਪਣੇ ਸਾਰੇ ਹੀ ਮੁਲਾਜ਼ਮ ਵਿਸ਼ੇਸ਼ ਕਰਕੇ ਅਧਿਆਪਕ, ਜਿਨ੍ਹਾਂ ਦੇ ਘਰਾਂ ਵਿੱਚ ਆਪਣੇ ਬੱਚਿਆਂ ਦੀਆਂ ਪੁਰਾਣੀਆਂ ਕਿਤਾਬਾਂ, ਜੋ ਕਿ ਸਕੂਲੀ ਵਿਦਿਆਰਥੀਆਂ ਦੇ ਪੜ੍ਹਨ ਲਈ ਕੰਮ ਆ ਸਕਦੀਆਂ ਹਨ, ਨੂੰ ਸਕੂਲ ਦੇ ਵਿੱਚ ਮੰਗਵਾਉਣ ਲਈ ਬੇਨਤੀ ਕੀਤੀ ਜਾਵੇ। ਇਹ ਕਿਤਾਬਾਂ ਸਕੂਲਾਂ ਦੀਆਂ ਲਾਇਬ੍ਰੇਰੀ ਦੇ ਵਿੱਚ ਸ਼ਾਮਲ ਕਰਦੇ ਹੋਏ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪੱਧਰ ਦੇ ਮੁਤਾਬਕ ਇਨ੍ਹਾਂ ਕਿਤਾਬਾਂ ਦੀ ਵੰਡ ਕੀਤੀ ਜਾਵੇ।
- ਇਸ ਤਰ੍ਹਾਂ ਦਾ ਉਪਰਾਲਾ ਮੁੱਖ ਦਫ਼ਤਰ ਦੇ ਵਿੱਚ ਵੀ ਕੀਤਾ ਗਿਆ ਹੈ ਜਿਸ ਨੂੰ ਕਿ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ। ਮੁੱਖ ਦਫ਼ਤਰ ਵਿੱਚ ਕੰਮ ਕਰਨ ਵਾਲੇ ਸਾਰੇ ਮੁਲਾਜ਼ਮਾਂ ਨੇ ਆਪਣੇ ਘਰਾਂ ਵਿੱਚ ਮੌਜੂਦ ਕਿਤਾਬਾਂ ਨੂੰ ਵਿਭਾਗ ਦੀ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਇਆ ਹੈ।
- ਸਾਰੇ ਸਕੂਲਾਂ ਦੇ ਵਿੱਚ ਅਧਿਆਪਕਾਂ ਜਾਂ ਦੂਜੇ ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਦਾ ਜਨਮ ਦਿਨ ਸਵੇਰ ਦੀ ਸਭਾ ਵਿੱਚ ਮਨਾਏ ਜਾਣ ਦਾ ਸੁਝਾਅ ਪ੍ਰਾਪਤ ਹੋਇਆ ਹੈ, ਜਿਸ ਦੇ ਵਿੱਚ ਸਬੰਧਤ ਨੂੰ ਉਨ੍ਹਾਂ ਦੇ ਜਨਮ ਦਿਨ ਦੀ ਵਧਾਈ ਦਿੱਤੀ ਜਾਵੇ ਅਤੇ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕੰਮ ਦੇ ਬਾਰੇ ਸਕੂਲੀ ਵਿਦਿਆਰਥੀਆਂ

ਨੂੰ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ। ਸਬੰਧਤ ਅਧਿਆਪਕ ਜਾਂ ਮੁਲਾਜ਼ਮ ਆਪਣੇ ਜੀਵਨ ਦੇ ਬਾਰੇ ਕੁੱਝ ਗੱਲਾਂ ਸਵੇਰ ਦੀ ਸਭਾ ਦੇ ਵਿੱਚ ਵਿਦਿਆਰਥੀਆਂ ਨੂੰ ਦਸ ਸਕਦਾ ਹੈ। ਇਸੇ ਤਰ੍ਹਾਂ ਵਿਦਿਆਰਥੀ ਦਾ ਜਨਮ ਦਿਨ ਵੀ ਸਵੇਰ ਦੀ ਸਭਾ ਵਿੱਚ ਵੀ ਮਨਾਇਆ ਜਾਵੇ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਇਸ ਦੇ ਲਈ ਸਕੂਲ ਦਾ ਬਹੁਤ ਜ਼ਿਆਦਾ ਸਮਾਂ ਬਰਬਾਦ ਨਾ ਹੋਵੇ।

- ਸਬੰਧਤ ਵਿਦਿਆਰਥੀ ਜਿਸ ਦਾ ਜਨਮ ਦਿਨ ਹੋਵੇ, ਦੇ ਬਾਰੇ ਵੀ ਸਬੰਧਤ ਕਲਾਸ ਇੰਚਾਰਜ਼ ਸਵੇਰ ਦੀ ਸਭ ਵਿੱਚ ਸਾਰੇ ਵਿਦਿਆਰਥੀਆਂ ਨੂੰ ਉਸ ਵਿਦਿਆਰਥੀ ਦੀਆਂ ਖੂਬੀਆਂ ਬਾਰੇ ਜਾਣੂ ਕਰਵਾਏ।
- ਆਪਣੇ ਜਨਮ ਦਿਨ ਤੇ ਕੋਈ ਅਧਿਆਪਕ ਜਾਂ ਹੋਰ ਮੁਲਾਜ਼ਮ ਕੁੱਝ ਕਿਤਾਬਾਂ ਜਿਨ੍ਹਾਂ ਦੀ ਕੀਮਤ ਬਹੁਤ ਜ਼ਿਆਦਾ ਨਾ ਹੋਵੇ, ਲਾਇਬ੍ਰੇਰੀ ਨੂੰ ਦਾਨ ਕਰ ਸਕਦਾ ਹੈ। ਇਹ ਕਿਤਾਬਾਂ ਸਬੰਧਤ ਅਧਿਆਪਕ ਜਾਂ ਨਾਨ-ਟੀਚਿੰਗ ਸਟਾਫ ਦੁਆਰਾ ਹੀ ਵਿਦਿਆਰਥੀਆਂ ਨੂੰ ਵੰਡੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਵਾਪਸ ਲਾਇਬ੍ਰੇਰੀ ਵਿੱਚ ਲੈਣ ਉਪਰੰਤ ਦੂਜੇ ਵਿਦਿਆਰਥੀਆਂ ਨੂੰ ਦੇ ਦਿੱਤੀਆਂ ਜਾਣ।
- ਜਦੋਂ ਵੀ ਕੋਈ ਦਾਨੀ ਸੱਜਣ ਜਾਂ ਸਾਬਕਾ ਵਿਦਿਆਰਥੀ ਸਕੂਲ ਵਿੱਚ ਆਵੇ ਅਤੇ ਆਪਣੀ ਸਮਰੱਥਾ ਦੇ ਮੁਤਾਬਕ ਸਕੂਲ ਨੂੰ ਕੁੱਝ ਦਾਨ ਕਰਨਾ ਚਾਹੇ ਤਾਂ ਉਨ੍ਹਾਂ ਤੋਂ ਵੀ ਕਿਤਾਬਾਂ ਲਾਇਬ੍ਰੇਰੀ ਦੇ ਲਈ ਲੈ ਲਈਆਂ ਜਾਣ। ਇਸ ਨੂੰ ਹੋਰ ਸੌਖਾ ਬਣਾਉਣ ਲਈ ਯੋਗ ਹੋਵੇਗਾ, ਜੇਕਰ ਸਕੂਲ ਪ੍ਰਿੰਸੀਪਲ ਆਪਣੇ ਕਿਸੇ ਫੰਡ ਵਿੱਚੋਂ ਕੁੱਝ ਕਿਤਾਬਾਂ ਪਹਿਲਾਂ ਹੀ ਲੈ ਕੇ ਰੱਖ ਲਵੇ ਅਤੇ ਇਸ ਤਰ੍ਹਾਂ ਦੀ ਕੋਈ ਸਖਸ਼ੀਅਤ ਸਕੂਲ ਦੇ ਵਿੱਚ ਆਵੇ ਤਾਂ ਉਨ੍ਹਾਂ ਨੂੰ Countribution in the Revolving Fund ਦੇ ਵਿੱਚ ਸ਼ਾਮਲ ਕਰ ਲਿਆ ਜਾਵੇ ਅਤੇ ਕਿਤਾਬਾਂ ਲਾਇਬ੍ਰੇਰੀ ਨੂੰ ਦਾਨ ਵਜੋਂ ਦੇ ਦਿੱਤੀਆਂ ਜਾਣ। ਬੇਹਤਰ ਹੋਵੇਗਾ, ਜੇਕਰ ਕਿਤਾਬਾਂ ਦੇਣ ਤੋਂ ਪਹਿਲਾਂ ਕਿਤਾਬ ਦੇ ਪਹਿਲੇ ਪੰਨੇ ਤੇ ਦਾਨੀ ਸੱਜਣ ਦਾ ਨਾਮ ਵੀ ਲਿਖਿਆ ਜਾਵੇ।
- ਸਨਮਾਨ ਦੇ ਰੂਪ ਵਿੱਚ ਸਕੂਲ ਮੁੱਖੀ ਵੱਲੋਂ ਇਹੋ ਜਿਹੇ ਦਾਨੀ ਸੱਜਣਾਂ ਨੂੰ ਆਪਣੀ ਮੋਹਰ ਲਾ ਕੇ ਇੱਕ ਪ੍ਰਸ਼ੰਸ਼ਾ ਪੱਤਰ ਜਾਂ Letter of Appreciation ਦਿੱਤਾ ਜਾਵੇ।

ਸਕੱਤਰ ਸਕੂਲ ਸਿੱਖਿਆ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।

ਸਕੱਤਰ ਸਕੂਲ ਸਿੱਖਿਆ